**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**
**ਕਮਰਾ ਨੰ: 415, ਚੌਥੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ**
(ਸਿਹਤ-3 ਸਾਖਾ)

**ਨੋਟੀਫਿਕੇਸ਼ਨ**

ਨੰ:2/24/2018-4ਸਸ3/ 510. ਮਿਤੀ: ਚੰਡੀਗੜ੍ਹ/ 22/01/2020.

ਵਿਸ਼ਾ: ਸਰਕਾਰੀ ਮੈਡੀਕਲ ਕਾਲਜ, ਐਸ.ਏ.ਐਸ ਨਗਰ (ਮੋਹਾਲੀ) ਵਿਖੇ ਫੈਕਲਟੀ, ਪੈਰਾ-ਮੈਡੀਕਲ ਸਟਾਫ ਅਤੇ ਹੋਰ ਅਸਾਮੀਆਂ ਦੀ ਰਚਨਾ ਕਰਨ ਅਤੇ ਭਰਨ ਸਬੰਧੀ ।

*****

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 06.06.2019 ਅਤੇ ਮਿਤੀ 18.10.2019 ਵਿੱਚ ਪ੍ਰਾਪਤ ਪ੍ਰਵਾਨਗੀ ਦੇ ਅਧਾਰ ਤੇ ਐਸ.ਏ.ਐਸ ਨਗਰ (ਮੋਹਾਲੀ) ਐਮ.ਬੀ.ਬੀ.ਐਸ ਕੋਰਸ ਦੀਆਂ 100 ਸੀਟਾਂ ਲਈ ਹੇਠ ਦਰਸਾਈਆਂ ਕੁੱਲ 994 ਅਸਾਮੀਆਂ ਦੀ ਰਚਨਾ ਕਰਦੇ ਹੋਏ ਇਹਨਾਂ ਅਸਾਮੀਆਂ ਨੂੰ ਪੜਾਅਵਾਰ (phased manner) ਢੰਗ ਨਾਲ ਅਨੁਲੱਗ-ੳ ਅਨੁਸਾਰ ਪੰਜ ਸਾਲਾਂ ਦੇ ਅਰਸੇ ਦੌਰਾਨ ਭਰਨ ਦੀ ਪ੍ਰਵਾਨਗੀ ਦਿੰਦੇ ਹਨ:-

(i) ਟੀਚਿੰਗ ਫੈਕਲਟੀ ਦੀਆਂ ਅਸਾਮੀਆਂ:-

| ਲੜੀ ਨੰ: | ਅਸਾਮੀ ਦਾ ਨਾਂ | Pay Scale (Level in the pay matrix as per 7th Central Pay Commission) | ਅਸਾਮੀਆਂ ਦੀ ਗਿਣਤੀ |
|---|---|---|---|
| 1. | ਪ੍ਰੋਫੈਸਰ | 13 | 21 |
| 2. | ਐਸੋਸੀਏਟ ਪ੍ਰੋਫੈਸਰ | 12 | 24 |
| 3. | ਸਹਾਇਕ ਪ੍ਰੋਫੈਸਰ | 11 | 37 |
| 4. | ਟਿਊਟਰ | 10 | 24 |
| 5. | ਰੈਜੀਡੈਂਟ | 10 | 62 |
| | ਕੁੱਲ | | 168 |

(ii) ਪੈਰਾ-ਮੈਡੀਕਲ ਸਟਾਫ/ਸਟਾਫ ਨਰਸਾਂ ਅਤੇ ਹੋਰ ਸਟਾਫ ਦੀਆਂ ਅਸਾਮੀਆਂ:-

| ਲੜੀ ਨੰ: | ਅਸਾਮੀ ਦਾ ਨਾਂ | Pay Scale (Level in the pay matrix as per 7th Central Pay Commission) | ਅਸਾਮੀਆਂ ਦੀ ਗਿਣਤੀ |
|---|---|---|---|
| 1. | Anesth. Tech. | 4 | 4 |
| 2. | Artist Cum Modeller | 5 | 1 |
| 3. | Assistant Librarian | 4 | 1 |
| 4. | Audiometry technician | 5 | 1 |
| 5. | Audiovisual technician | 4 | 1 |
| 6. | Carpenter | 2 | 1 |
| 7. | Cashier | 4 | 2 |
| 8. | Chief Electrician Tech. | 5 | 1 |
| 9. | Clerk | 4 | 20 |
| 10. | Child Psychologist | 5 | 1 |
| 11. | Dental Mechanic | 4 | 2 |
| 12. | Deputy Librarian | 5 | 1 |

Scanned by CamScanner

| | | | |
|---|---|---|---|
| 13. | Dialysis Assistant | 5 | 2 |
| 14. | Dialysis Technician | 5 | 1 |
| 15. | Diet Supervisor | 5 | 1 |
| 16. | E.C.G Tech. | 3 | 3 |
| 17. | E.E.G Tech. | 3 | 1 |
| 18. | Electrician Grade I | 3 | 1 |
| 19. | Health Vistor | 5 | 2 |
| 20. | Hostal Warden | 2 | 4 |
| 21. | L.H.V (Multipurpose Health Supervisor | 5 | 2 |
| 22. | Lab Attendant | 2 | 22 |
| 23. | Lab Technician | 5 | 22 |
| 24. | Media Maker | 2 | 1 |
| 25. | Medical/Psychiatric Social Worker | 6 | 8 |
| 26. | O.T. Supervisor | 5 | 2 |
| 27. | Occupational Therapist | 4 | 1 |
| 28. | Operation Theatre Assistant | 3 | 14 |
| 29. | Optometrist/Refractinist | 5 | 2 |
| 30. | Orthopedist | 5 | 1 |
| 31. | Pharmacist | 5 | 6 |
| 32. | Physiotherapist (JR) | 3 | 1 |
| 33. | Physiotherapist (SR) | 5 | 1 |
| 34. | Plaster Cutter | 2 | 1 |
| 35. | Plumber | 1 | 1 |
| 36. | Radiographer | 5 | 6 |
| 37. | Senior Assistant Clerical | 6 | 6 |
| 38. | Senior Librarian | 5A | 1 |
| 39. | Speech Therapist | 7 | 1 |
| 40. | Senior Radiographer | 6 | 1 |
| 41. | Staff Nurse | 7 | 247 |
| | Total | | 398 |

(iii) ਮਲਟੀ ਟਾਸਕ ਵਰਕਰਾਂ (ਦਰਜਾ ਚਾਰ) ਦੀਆਂ ਅਸਾਮੀਆਂ:-

| ਲੜੀ ਨੰ: | ਅਸਾਮੀ ਦਾ ਨਾਂ | ਪੇਅ ਸਕੇਲ | ਅਸਾਮੀਆਂ ਦੀ ਗਿਣਤੀ |
|---|---|---|---|
| 1. | Multi Task Worker | ਡੀ.ਸੀ/ਲੇਬਰ ਰੇਟ (ਪੰਜਾਬ ਸਰਕਾਰ) | 400 |
| | Total | | 400 |

ਉਕਤ ਅਸਾਮੀਆਂ ਦੀ ਪੜਾਅ-ਵਾਇਜ ਕੈਟਾਗਰੀ ਅਨੁਸਾਰ ਤੇ ਵਿਭਾਗ ਵਾਇਜ਼ ਨਿਯੁਕਤੀਆਂ ਨਾਲ ਨੱਥੀ Annexure-I , Annexure-II, and III ਕੀਤੀ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

Scanned by CamScanner

2. ਜੇਕਰ ਇੰਸਟੀਚਿਊਟ ਨੂੰ ਚਲਾਉਣ ਲਈ ਇਹ ਅਸਾਮੀਆਂ ਆਰਜੀ ਸਮੇਂ ਲਈ ਡੈਪੂਟੇਸ਼ਨ ਤੇ ਭਰੀਆਂ ਜਾਂਦੀਆਂ ਹਨ ਤਾਂ ਜੇਕਰ ਡੈਪੂਟੇਸ਼ਨ ਵਾਲੀ ਅਸਾਮੀ ਤੇ ਦਿੱਤੀ ਤਨਖਾਹ ਉਸ ਵੱਲੋਂ ਉਸਦੇ ਪਿੱਤਰੀ ਵਿਭਾਗ ਵਿੱਚ ਲਈ ਜਾ ਰਹੀ ਤਨਖਾਹ ਤੋਂ ਘੱਟ ਹੈ ਤਾਂ ਡੈਪੂਟੇਸ਼ਨ ਤੇ ਹਾਜਰ ਹੋਣ ਵਾਲੇ ਅਧਿਕਾਰੀ/ਕਰਮਚਾਰੀ ਦੀ ਤਨਖਾਹ ਉਸ ਵੱਲੋਂ ਉਸਦੇ ਪਿੱਤਰੀ ਵਿਭਾਗ ਵਿਖੇ ਲਈ ਜਾ ਰਹੀ ਤਨਖਾਹ ਪ੍ਰੋਟੈਕਟ ਕੀਤੀ ਜਾਵੇਗੀ।

3. ਉਕਤ ਸਮੂਹ 994 ਅਸਾਮੀਆਂ ਲਈ ਵਿੱਤ ਵਿਭਾਗ ਦੀ ਸਲਾਹ I.D. N. 01/04/2017-4FE2/707 ਮਿਤੀ 04.09.2019 ਦੇ ਅਨੁਸਾਰ ਕੇਂਦਰ ਸਰਕਾਰ ਦੇ ਪੇਅ-ਸਕੇਲ ਲਾਗੂ ਹੋਣਗੇ ਅਤੇ ਭਵਿੱਖ ਵਿੱਚ ਇਹਨਾਂ ਸਕੇਲਾਂ ਦੀ ਰੀਵਿਜ਼ਨ ਭਾਰਤ ਸਰਕਾਰ ਦੀ ਪੇਅ-ਰੀਵਿਜ਼ਨ ਨਾਲ ਜੋੜਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

4. ਸਰਕਾਰੀ ਮੈਡੀਕਲ ਕਾਲਜ, ਐਸ.ਏ.ਐਸ ਨਗਰ ਵਿਖੇ ਨਵੀਆਂ ਰਚਿਤ ਅਸਾਮੀਆਂ ਲਈ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਧੀਨ ਵੱਖਰਾ ਕਾਡਰ ਹੋਵੇਗਾ।

5. ਸਰਕਾਰੀ ਮੈਡੀਕਲ ਕਾਲਜ, ਐਸ.ਏ.ਐਸ ਨਗਰ ਲਈ ਰਚਿਤ ਨਵੀਆਂ ਅਸਾਮੀਆਂ ਦੇ ਵਿਭਾਗੀ ਨਿਯਮ ਹੋਂਦ ਵਿੱਚ ਆਉਣ ਤੱਕ, ਸੰਸਥਾ ਦੀ ਟੀਚਿੰਗ ਫੈਕਲਟੀ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ ਤੇ ਸਹਾਇਕ ਪ੍ਰੋਫੈਸਰਾਂ ਦੀ ਸਿੱਧੀ ਭਰਤੀ ਕੋਟੇ ਦੀਆਂ ਅਸਾਮੀਆਂ ਪੀ.ਪੀ.ਐਸ.ਸੀ ਦੇ ਪਰਵਿਊ ਵਿਚੋਂ ਬਾਹਰ ਕੱਢਦੇ ਹੋਏ ਸਰਕਾਰ ਦੀ ਨੋਟੀਫਿਕੇਸ਼ਨ ਨੰ: ਨੋਟੀਫਿਕੇਸ਼ਨ ਨੰ: 1/34/2017-2ਸਸ3/1244 ਮਿਤੀ 18.02.2019 ਰਾਹੀਂ ਡਾ. ਕੇ.ਕੇ ਤਲਵਾਰ ਦੀ ਪ੍ਰਧਾਨਗੀ ਹੇਠ ਬਣੀ ਵਿਭਾਗੀ ਸਿਲੈਕਸ਼ਨ ਕਮੇਟੀ ਅਤੇ ਪ੍ਰਵਾਨਤ ਕਰਾਈਟੀਰੀਏ ਰਾਹੀਂ Punjab Medical Education (Group-A) Service Rules, 2016 ਵਿੱਚ ਦਰਸਾਈਆਂ ਵਿਦਿਅਕ ਯੋਗਤਾਵਾਂ ਅਤੇ ਤਜਰਬੇ ਦੀ ਤਰਜ਼ ਤੇ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

6. ਸਰਕਾਰੀ ਮੈਡੀਕਲ ਕਾਲਜ, ਐਸ.ਏ.ਐਸ ਨਗਰ ਲਈ ਰਚਿਤ ਨਵੀਆਂ ਅਸਾਮੀਆਂ ਦੇ ਵਿਭਾਗੀ ਨਿਯਮ ਹੋਂਦ ਵਿੱਚ ਆਉਣ ਤੱਕ, ਸੰਸਥਾ ਦੀ ਟੀਚਿੰਗ ਫੈਕਲਟੀ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ ਦੀ ਤਰੱਕੀ ਕੋਟੇ (75%) ਦੀਆਂ ਅਸਾਮੀਆਂ ਨੂੰ ਮੌਜੂਦਾ ਨਿਯਮਾਂ ਅਨੁਸਾਰ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੇਕਰ ਫਿਰ ਵੀ ਯੋਗ ਉਮੀਦਵਾਰਾਂ ਦੀ ਕਮੀ ਕਾਰਨ ਇਹ ਆਸਾਮੀਆਂ ਭਰੀਆਂ ਨਹੀਂ ਜਾਂਦੀਆਂ ਤਾਂ ਇਨ੍ਹਾਂ ਆਸਾਮੀਆਂ ਤੇ ਜਦੋਂ ਤੱਕ ਰੈਗੂਲਰ ਤਰੱਕੀ ਨਹੀਂ ਹੋ ਜਾਂਦੀ, ਉਦੋਂ ਤੱਕ AIIMS, PGI ਅਤੇ Medical Council of India ਵੱਲੋਂ Recognized Government Medical Colleges ਵਿੱਚ ਕੰਮ ਕਰਦੀ ਫੈਕਲਟੀ, ਜੋ ਕਿ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ-ਏ) ਸਰਵਿਸ ਰੂਲਜ, 2016 ਵਿੱਚ ਦਰਸਾਈਆਂ ਅਕੈਡਮਿਕ ਯੋਗਤਾਵਾਂ ਅਤੇ ਤਜਰਬੇ ਪੂਰਾ ਕਰਦੀ ਹੋਵੇ, ਅਨੁਸਾਰ ਡੈਪੂਟੇਸ਼ਨ ਤੇ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

7. ਸਰਕਾਰੀ ਮੈਡੀਕਲ ਕਾਲਜ, ਐਸ.ਏ.ਐਸ ਨਗਰ (ਮੋਹਾਲੀ) ਲਈ ਰਚਿਤ ਨਵੀਆਂ ਅਸਾਮੀਆਂ ਦੇ ਵਿਭਾਗੀ ਨਿਯਮ ਹੋਂਦ ਵਿੱਚ ਆਉਣ ਤੱਕ, ਇਸ ਸੰਸਥਾ ਦੇ ਪੈਰਾ-ਮੈਡੀਕਲ ਸਟਾਫ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਕ੍ਰਮਵਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਮੌਜੂਦਾ ਨਿਯਮਾਂ ਅਤੇ Punjab State (Class-IV) Service Rules, 1963 ਅਤੇ ਉਹਨਾਂ ਵਿੱਚ ਦਰਸਾਈਆਂ ਵਿਦਿਅਕ ਯੋਗਤਾਵਾਂ ਅਤੇ ਤਜਰਬੇ ਅਨੁਸਾਰ, ਜੇਕਰ ਕੋਈ ਹੋਵੇ ਅਤੇ ਉਹਨਾਂ ਵਿੱਚ ਸਮੇਂ ਸਮੇਂ ਸਿਰ ਹੋਈਆਂ ਸੋਧਾਂ ਅਨੁਸਾਰ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪੈਰਾ-ਮੈਡੀਕਲ ਸਟਾਫ ਦੀਆਂ 426 ਅਸਾਮੀਆਂ ਦੀ ਭਰਤੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ ਵੱਲੋਂ ਲਿਖਤੀ ਪ੍ਰੀਖਿਆ ਰਾਹੀਂ ਮੈਰਿਟ ਦੇ ਆਧਾਰ ਤੇ ਭਰੀਆਂ ਜਾਣਗੀਆਂ। ਮਲਟੀ-ਟਾਸਕ ਵਰਕਰਾਂ (ਦਰਜਾ-4 ਕਰਮਚਾਰੀਆਂ) ਦੀ ਨਿਯੁਕਤੀ ਆਫਿਸਰਜ਼ ਕਮੇਟੀ ਦੀ ਮੀਟਿੰਗ ਮਿਤੀ 17.09.2018 ਦੀਆਂ ਸਿਫਾਰਸ਼ਾਂ ਦੇ ਅਨੁਸਾਰ ਆਉਟਸੋਰਸਿੰਗ ਬੇਸਿਸ ਤੇ Grant of initial pay that is minimum of pay band or DC rate which is higher to Class IV employees (Multi tasking workers) ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪਹਿਲੇ ਸਾਲ ਵਿੱਚ ਪੈਰਾ-ਮੈਡੀਕਲ ਸਟਾਫ ਦੀਆਂ ਕੇਵਲ 276 ਰੈਗੂਲਰ ਤੌਰ ਤੇ ਅਤੇ ਮਲਟੀ ਟਾਸਕ ਵਰਕਰਾਂ ਦੀਆਂ 250 ਅਸਾਮੀਆਂ ਆਊਟ-ਸੋਰਸਿੰਗ ਬੇਸਿਸ ਤੇ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।



Scanned by CamScanner

8. ਵਿੱਤ ਵਿਭਾਗ ਵੱਲੋਂ ਜਾਰੀ ਅੰ.ਵਿ.ਪੱ.ਨੰ. 10/71/19-4ਵਿਪ੍1/84, ਮਿਤੀ: 14.01.2020 ਦੇ ਪੈਰ੍ਹਾ-2(ਅ) ਤੇ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਅਨੁਸਾਰ ਬਾਕੀ ਰਹਿੰਦੀਆਂ 28 ਅਸਾਮੀਆ ਦੇ ਡੈਜੀਗਨੇਸ਼ਨ ਨੂੰ ਮੁੜ ਵਿਚਾਰਿਆ ਜਾਵੇਗਾ ਅਤੇ ਲੋੜ ਅਨੁਸਾਰ ਸਮਰੱਥ ਅਥਾਰਟੀ ਦੀ ਮੁੜ ਪ੍ਰਵਾਨਗੀ ਲੈਣ ਉਪਰੰਤ ਹੀ ਇਹਨਾਂ ਨੂੰ ਭਰਿਆ ਜਾਵੇਗਾ।

9. ਇਸ ਤੋਂ ਇਲਾਵਾ ਵਿੱਤ ਵਿਭਾਗ ਦੁਆਰਾ ਦਿੱਤੀ ਸਲਾਹ ਦੇ ਮੱਦੇਨਜ਼ਰ ਰਾਜ ਦੇ ਹੋਰ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਨਵੀਂ ਭਰਤੀ ਲਈ, ਕੇਂਦਰ ਸਰਕਾਰ ਦੇ ਤਨਖਾਹ ਸਕੇਲ ਲਾਗੂ ਕਰਨ ਲਈ ਅਤੇ ਭਵਿੱਖ ਵਿੱਚ ਇਹਨਾਂ ਸਕੇਲਾਂ ਦੇ ਰੀਵਿਜ਼ਨ ਨੂੰ ਕੇਂਦਰ ਸਰਕਾਰ ਦੇ ਨਾਲ ਜੋੜਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

10. ਉਕਤ ਨੋਟੀਫਿਕੇਸ਼ਨ ਲਾਗੂ ਕਰਨ ਲਈ ਜੇਕਰ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੀ ਜਰੂਰਤ ਹੋਵੇ ਤਾਂ ਮੁੱਖ ਮੰਤਰੀ, ਪੰਜਾਬ ਜੀ ਨੂੰ ਅਜਿਹਾ ਕਰਨ ਲਈ ਅਧਿਕਾਰਤ ਕੀਤਾ ਜਾਂਦਾ ਹੈ।

11. ਮੰਤਰੀ ਪ੍ਰੀਸ਼ਦ ਦੀ ਮਿਤੀ 06.06.2019 ਅਤੇ ਮਿਤੀ 18.10.2019 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਗਈ ਮੰਨਜ਼ੂਰੀ, ਜੋ ਕਿ ਆਮ ਰਾਜ ਪ੍ਰਬੰਧ ਵਿਭਾਗ, ਮੰਤਰੀ ਮੰਡਲ ਮਾਮਲੇ ਸ਼ਾਖਾ ਵੱਲੋਂ ਕ੍ਰਮਵਾਰ ਅੰ:ਵਿ:ਪੱ:ਨੰ:01/68/2019-1ਕੈਬਨਿਟ/2180 ਮਿਤੀ 06.06.2019 ਅਤੇ ਅੰ:ਵਿ:ਪੱ:ਨੰ:01/68/2019-1ਕੈਬਨਿਟ/4421 ਮਿਤੀ 24.10.2019 ਰਾਹੀਂ ਭੇਜੀ ਗਈ ਹੈ, ਦੇ ਅਨੁਸਾਰ ਇਹ ਪ੍ਰਵਾਨਗੀ ਜਾਰੀ ਕੀਤੀ ਜਾਂਦੀ ਹੈ।

ਮਿਤੀ: 22.01.2020
ਚੰਡੀਗੜ੍ਹ

ਡੀ.ਕੇ.ਤਿਵਾਰੀ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿਖਿਆ ਤੇ ਖੋਜ ਵਿਭਾਗ

ਪਿੱ:ਅੰ:ਨੰ: 2/24/2018-4ਸਸ3/ 511. ਮਿਤੀ: ਚੰਡੀਗੜ੍ਹ/ 22/01/2020.

ਉਤਾਰਾ ਕੰਟਰੋਲਰ, ਛਪਾਈ ਅਤੇ ਸਮੱਗਰੀ ਵਿਭਾਗ, ਪੰਜਾਬ ਨੂੰ ਪੰਜਾਬ ਸਰਕਾਰ ਦੇ ਗਜ਼ਟ (ਆਰਡਨਰੀ) ਵਿੱਚ ਛਪਣ ਲਈ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦੀਆਂ 50 ਕਾਪੀਆਂ ਰਿਕਾਰਡ ਹਿੱਤ ਇਸ ਵਿਭਾਗ ਨੂੰ ਭੇਜੀਆਂ ਜਾਣ।

ਉੱਪ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

ਉੱਪ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ

ਸੇਵਾ ਵਿਖੇ

1. ਪ੍ਰਮੁੱਖ ਸਕੱਤਰ, ਵਿੱਤ ਵਿਭਾਗ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।

2. ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ,
ਮੰਤਰੀ ਮੰਡਲ ਮਾਮਲੇ ਸ਼ਾਖਾ।

ਅੰ:ਵਿ:ਪੱ: ਨੰ: 2/24/2018-4ਸਸ3/ 512-13. ਮਿਤੀ: ਚੰਡੀਗੜ੍ਹ/ 22/01/2020.
ਪਿੱ:ਅੰ:ਨੰ: 2/24/2018-4ਸਸ3/ 514-519. ਮਿਤੀ: ਚੰਡੀਗੜ੍ਹ/ 22/01/2020.

Scanned by CamScanner

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਨੂੰ ਸਮੇਤ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 06.06.2019 ਅਤੇ ਮਿਤੀ 18.10.2019 ਵਿੱਚ ਵਿਚਾਰੇ ਗਏ ਮੈਮੋਰੰਡਮ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਤੁਰੰਤ ਅਗਲੀ ਬਣਦੀ ਕਾਰਵਾਈ ਕੀਤੀ ਜਾਵੇ।

2) ਵਾਇਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।

3) ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ।

4) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

5) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ/ਐਸ.ਏ.ਐਸ ਨਗਰ।

6) ਸਬੰਧਤ ਚੇਅਰਮੈਨ/ਮੈਂਬਰਜ਼ ਨੂੰ ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਪੰਜਾਬ ਵੱਲੋਂ ਇਸ ਨੋਟੀਫਿਕੇਸ਼ਨ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਤੁਰੰਤ ਇਸ ਮਾਮਲੇ ਸਬੰਧੀ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਉੱਪ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ

Scanned by CamScanner

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਨੂੰ ਸਮੇਤ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 06.06.2019 ਅਤੇ ਮਿਤੀ 18.10.2019 ਵਿੱਚ ਵਿਚਾਰੇ ਗਏ ਮੈਮੋਰੰਡਮ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਤੁਰੰਤ ਅਗਲੀ ਬਣਦੀ ਕਾਰਵਾਈ ਕੀਤੀ ਜਾਵੇ।

2) ਵਾਇਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।

3) ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ।

4) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

5) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ/ਐਸ.ਏ.ਐਸ ਨਗਰ।

6) ਸਬੰਧਤ ਚੇਅਰਮੈਨ/ਮੈਂਬਰਜ਼ ਨੂੰ ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਪੰਜਾਬ ਵੱਲੋਂ ਇਸ ਨੋਟੀਫਿਕੇਸ਼ਨ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਤੁਰੰਤ ਇਸ ਮਾਮਲੇ ਸਬੰਧੀ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਉੱਪ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ

Scanned by CamScanner